ਗੁਰੂ ਨਾਨਕ ਜੀ ਦੇ ੫੦੦ਵੇਂ ਪ੍ਰਕਾਸ਼ ਉਤਸਵ ਦੀ ਭੇਂਟ

ਓਮ

पु. परिग्रहण क्रमांक 5112
दयानन्द महिला महा

## ਪ੍ਰਮੁਖ ਸਿੱਖ ਵਿਦ੍ਵਾਨਾਂ

## ਅਗੇ

# ਪੰਜ ਪ੍ਰਸ਼ਨ

ਲੇਖਕ :-

ਸਵਾਮੀ ਅਮ੍ਰਿਤਾਨੰਦ ਜੀ ਸਰਸਵਤੀ

ਪ੍ਰਕਾਸ਼ਕ :-

ਸਵਾਮੀ ਆਤਮਾਨੰਦ ਪ੍ਰਕਾਸ਼ਨ ਮੰਦਿਰ

ਵੈਦਿਕ ਸਾਧਨ ਆਸ਼੍ਰਮ, ਯਮੁਨਾਨਗਰ (ਅੰਬਾਲਾ)

ਮੂਲ ੧੫ ਪੈਸੇ

# ਸੂਚਨਾ

ਸਾਡੇ ਕੋਲੋਂ ਰਿਸ਼ੀ ਦਯਾਨੰਦ ਲਿਖਿਤ ਗ੍ਰੰਥ, ਸਾਰਵਦੇਸ਼ਕ ਸਭਾ ਦੇ ਪ੍ਰਕਾਸ਼ਨ, ਗੋਬਿੰਦ ਰਾਮ ਹਾਸਾਨੰਦ; ਦੇਹਾਤੀ ਪੁਸਤਕ ਭੰਡਾਰ ਦੀਆਂ ਅਤੇ ਹੋਰ ਧਾਰਮਿਕ ਪੁਸਤਕਾਂ ਵੀ ਸਾਡੇ ਕੋਲੋਂ ਮਿਲ ਸਕਦੀਆਂ ਹਨ। ਸੱਤਆਰਥ ਪ੍ਰਕਾਸ਼ ਮੋਟੇ ਅਖਰਾਂ ਦਾ ਅਤੇ ਛੋਟਾ, ਸੰਸਕਾਰ ਵਿਧੀ ਵਧਿਆ ਆਦਕ ਹਿੰਦੀ ਦੀਆਂ ਪੁਸਤਕਾਂ ਹਰ ਵੇਲੇ ਤਿਆਰ ਮਿਲ ਸਕਦੀਆਂ ਹਨ। ਆਸ਼੍ਰਮ ਨੇ ਥੋੜੇ ਸਮੇਂ ਵਿਚ ਹੀ ਬੜੀ ਤਰੱਕੀ ਕੀਤੀ ਹੈ। ਹੁਨ ਤਾਂ ਏਹ ਧਾਰਮਿਕ ਪੁਸਤਕਾਂ ਦਾ ਕੇਂਦ੍ਰ ਬਨ ਗਿਆ ਹੈ

ਸਾਰੇ ਸੱਜਨ ਪੁਰਸ਼ ਸਾਡੀ ਸੇਵਾ ਤੋਂ ਲਾਭ ਉਠਾਨ। ਪੂਰਾ ਸੂਚੀਪੱਤਰ ਹਿੰਦੀ ਦਾ ਮੁਫਤ ਮੰਗਵਾਂ ਸਕਦੇ ਹੋ।

ਪੁਸਤਕਾਂ ਮਿਲਨ ਦਾ ਪਤਾ :—

**ਸਵਾਮੀ ਆਤਮਾਨੰਦ ਪ੍ਰਕਾਸ਼ਨ ਮੰਦਿਰ**

ਵੈਦਿਕ ਸਾਧਨ ਆਸ਼੍ਰਮ ਯਮੁਨਾਨਗਰ (ਅੰਬਾਲਾ)

---

ਯੂਨਾਈਟਿਡ ਪ੍ਰਿੰਟਿੰਗ ਪ੍ਰੈਸ, ਗਲੀ ਨੰ: 5 ਨਵਾਂਕੋਟ ਅੰਮ੍ਰਿਤਸਰ
ਵਿਚ ਸ਼੍ਰੀ ਮਥੁਰਾ ਦਾਸ ਜੀ ਦੇ ਪ੍ਰਬੰਧ ਹੇਠ ਛਪਿਆ।

ੴ

# ਪ੍ਰਮੁਖ ਸਿੱਖ ਵਿਦ੍ਵਾਨਾਂ ਅਗੇ

# ਪੰਜ ਪ੍ਰਸ਼ਨ

## ਵਿਚਾਰ ਆਰੰਭ

ਪਿਆਰੇ ਪਾਠਕੋ ! ਵੇਦ ਦੀ ਸਿਖਿਆ ਮਨੁਖ ਮਾਤ੍ਰ ਵਾਸਤੇ ਹੈ। ਵੇਦ ਦੀ ਪਹਿਲੀ ਸਿਖਿਆ ਇਹ ਹੈ ਕਿ ਮਨੁਖ ਸਤ ਗਿਆਨ ਨੂੰ ਪ੍ਰਾਪਤ ਕਰੇ ਅਤੇ ਉਹਦੇ ਅਨੁਕੂਲ ਆਪਣਾ ਆਚਰਨ ਬਨਾਂਦਾ ਚਲਾ ਜਾਵੇ।

ਵੇਦ ਦੀ ਦੂਸਰੀ ਸਿਖਿਆ ਇਹ ਹੈ ਕਿ ਸੰਸਾਰ ਭਰ ਦੇ ਮਨੁਖ ਆਪਸ ਵਿਚ ਜਿਆਦਾ ਤੋਂ ਜਿਆਦਾ ਪ੍ਰੇਮ ਕਰਨ। ਕੋਈ ਵੀ ਕਿਸੇ ਦੂਸਰੇ ਪ੍ਰਾਣੀ ਨੂੰ ਕਸ਼ਟ ਨ ਦੇਵੇ; ਸਾਰੇ ਮਨੁਖ ਸਭਦੀ ਉਨੱਤੀ ਵਿਚ ਅਪਣੀ ਉਨੱਤੀ ਸਮਝਨ

ਰਿਗਵੇਦ ਵਿਚ ਮਨੁਖ ਮਾਤ੍ਰ ਵਾਸਤੇ ਉਪਦੇਸ਼ ਹੈ ਕਿ:-

ਤੁਹਾਡਾ ਇਰਾਦਾ ਇਕ ਹੋਵੇ, ਤੁਹਾਡੇ ਉਦੇਸ਼ ਇਕ ਹੋਣ, ਤੁਹਾਡਾ ਮਨ ਇਕ ਹੋਵੇ; ਜਿਸਦੇ ਨਾਲ ਤੁਹਾਡਾ ਸ਼ੁਭ ਮੇਲ ਸਦਾ ਬਨਿਆ ਰਹੇ !

ਕਿਹਾ ਵੀ ਹੈ ਕਿ:--

ਵਿਦ੍ਵਾਨਾਂ ਦਾ ਇਕ ਮਤ; ਮੂਰਖ ਵਖੋ ਵਖ।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਖਿਆ ਹੈ ਕਿ :—

"ਇਕ ਮਜ਼ਹਬ (ਮਤ) ਰਹਿਣਾ ਭਲਾ, ਦੋ ਮੇਂ ਰਹੇ ਨਾ ਕੋਇ"
ਮੇਰਾ ਸਿੱਖ ਕਹਾਇ ਕੇ, ਭਰਮੇ ਪਾਪੀ ਹੋਇ। (ਸੂਰਜ ਪ੍ਰਕਾਸ਼)

ਪਰ ਇਸ ਸਮੇਂ ਕਈ ਗੁਰੂ ਸਿੱਖ ਭਾਈ ਲਿਖਦੇ ਤੇ ਕਹਿੰਦੇ ਹਨ ਕਿ ਸਿੱਖ ਪੰਥ ਦਾ ਵੈਦਿਕ ਧਰਮ ਨਾਲ ਕੋਈ ਸਮਬੰਧ ਨਹੀਂ। ਸਿਖ ਪੰਥ ਅਲਗ ਸਮਪ੍ਰਦਾਏ ਹੈ। ਪਰ ਸਚਾਈ ਇਹ ਹੈ ਕਿ ਸਿੱਖ ਗੁਰੂਆਂ ਦੀ ਵਿਚਾਰ ਧਾਰਾ ਵੈਦਿਕ ਧਰਮ ਦੇ ਬਹੁਤ ਹੀ ਨੇੜੇ ਹੈ।

(੧) ਜਿਨਾਂ ਧਰਮ ਸਿਧਾਂਤਾਦਾ ਆਦਿ ਮੂਲ ਪਰਮਾਤਮਾ ਹੈ ਅਤੇ ਜਿਸ ਪ੍ਰਭੂ ਨੇ ਵੇਦ ਦਵਾਰਾ ਉਪਦੇਸ਼ ਕੀਤਾ ਹੈ ਓਨਾਂ ਸਭਨਾਂ ਨੂੰ ਸਿੱਖ ਗੁਰੂਆਂ ਨੇ ਸਵੀਕਾਰ ਕੀਤਾ ਹੈ।

(੨) ਜਿਸ ਤਰਾਂ ਰਿਸ਼ੀ ਦਯਾਨੰਦ ਜੀ ਨੇ ਧਰਮ ਪ੍ਰਚਾਰ ਕੀਤਾ ਅਤੇ ਮਤ ਮਤਾਂਤਰਾਂ ਦੇ ਵਿਰੁਧ ਸਨ ਓਸੇ ਤਰਾਂ ਗੁਰੂ ਨਾਨਕ ਦੇਵਜੀ ਆਦਿ ਨੇ ਵੀ ਮਤਾ ਦਾ ਨਸ਼ੇਧ ਕਰਕੇ ਵੈਦਿਕ ਸੱਤ ਧਰਮ ਦਾ ਪ੍ਰਚਾਰ ਕੀਤਾ ਸੀ; ਦੋਵਾਂ ਪਾਸਿਆਂ ਦੇ ਮਹਾਪੁਰਖ ਮਾਨੋਂ ਇਕ ਹੀ ਪਥ (ਰਸਤੇ)ਦੇ ਪਥਿਕ (ਮੁਸਾਫਰ) ਸਨ। ਰਿਸ਼ੀ ਦਯਾਨੰਦ ਜੀ ਲਿਖਦੇ ਹਨ– ਕਿ ਮਤ ਮਤਾਂਤਰਾਂ ਦੇ ਜਿਹੜੇ ਆਪਸ ਵਿਚ ਝਗੜੇ ਹਨ, ਓਨਾਂ ਨੂੰ ਮੈਂ ਪਸੰਦ ਨਹੀਂ ਕਰਦਾ। ਵੇਦਾਂ ਵਿਚ ਸਰਵ ਸੱਤ ਹੈ ਓਸੇ ਦਾ ਪ੍ਰਚਾਰ ਕਰਕੇ ਸਭ ਇਕਮਤ ਵਿਚ ਲਿਆ ਕੇ ਸਾਰਿਆਂ ਨੂੰ ਸੁਖ ਲਾਭ ਪਹੁੰਚਾਨ ਵਾਸਤੇ ਮੇਰੀ ਕੋਸ਼ਿਸ਼ ਅਤੇ ਅਭਿਪ੍ਰਾਏ (ਮਤਲਬ) ਹੈ।

ਏਸੇ ਤਰਾਂ ਦਸਮ ਗੁਰੂ ਵਿਚਤ੍ਰ ਨਾਟਕ ਵਿਚ ਲਿਖਦੇ ਹਨ–

ਜੇ ਕੋਈ ਹੋਤ ਭਯੋ ਜਗਿ ਸਿਆਨਾ।
ਤਿਨ ਤਿਨ ਅਪਨੋ ਪੰਥੁ ਚਲਾਨਾ॥ ੧੪

ਪਰਮ ਪੁਰਖ ਕਿਨਹੂੰ ਨਹ ਪਾਯੋ।
ਬੈਰ ਬਾਦ ਅਹੰਕਾਰ ਬਢਾਯੋ॥ ੧੫

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰ ਦੇਵ ਪਠਾਏ॥

ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥ ੪੨
ਯਾ ਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ ॥ ੪੩

ਅਰਥਾਤ– ਜਿਹੜਾ ਜਗ ਵਿਚ ਚਾਲਾਕ ਹੋ ਗਿਆ, ਉਸ ਨੇ ਆਪਣਾ ਇਕ ਵਖਰਾ ਪੰਥ ਚਲਾ ਦਿਤਾ, ਇਹਨਾਂ ਵਿਚੋਂ ਕਿਸੀ ਨੇ ਵੀ ਪਰਮ ਪੁਰਖ ਪਰਮਾਤਮਾ ਨੂੰ ਨਹੀਂ ਸਮਝਿਆ। ਕੇਵਲ ਆਪਸ ਵਿਚ ਲੜਾਈ, ਝਗੜੇ ਅਤੇ ਅਭਿਮਾਨ ਵਧਾਂਦੇ ਰਹੇ; ਸਾਨੂੰ ਗੁਰੂ ਦੇਵ ਪਰਮਾਤਮਾ ਇਸ ਲਈ ਸੰਸਾਰ ਵਿਚ ਘਲਿਆ ਹੈ ਕਿ ਆਪ ਸਭ ਜਗਾਂ ਵੈਦਿਕ ਧਰਮ ਦਾ ਵਿਸਤਾਰ ਕਰੋ। ਦੁਸ਼ਟ ਅਤੇ ਦੋਸ਼ੀ ਮਨੁਖਾਂ ਨੂੰ ਪਛਾੜ ਦਿਓ। ਸਾਡਾ ਏਹੀ ਜੀਵਨ ਉਦੇਸ਼ ਹੈ। ਐ ਭਲੇ ਮਨੁਖੋ! ਮਨ ਵਿਚ ਨਿਸ਼ਚੇ ਕਰਕੇ ਜਾਨ ਲੌ ਕਿ ਅਸੀਂ ਧਰਮ ਪ੍ਰਚਾਰ ਕਰਨ, ਸੰਤਾ ਦੀ ਰਖਿਆ ਕਰਨ ਵਾਸਤੇ ਅਤੇ ਦੁਸ਼ਟਾਂ ਨੂੰ ਜੜੋਂ ਉਖਾੜਨ ਵਾਸਤੇ ਆਏ ਹਾਂ।

ਇਸ ਤੋਂ ਸਾਫ ਸਿੱਧ ਹੈ ਕਿ ਦਸੇ ਹੀ ਸਿਖ ਗੁਰੂ ਅਤੇ ਰਿਸ਼ੀ ਦਯਾਨੰਦ ਜੀ ਦੋਵੇਂ ਹੀ ਧਰਮ ਪ੍ਰਚਾਰ ਵਿਚ ਇਕ ਹੀ ਮਾਰਗ ਦੇ ਮਾਰਗ-ਗਾਮੀ ਸਨ ਦੋਵੇਂ ਹੀ ਆਪਣਾ ਉਦੇਸ਼ ਵੇਦੋਕਤ ਧਰਮ ਦਾ ਪ੍ਰਚਾਰ ਮਨਦੇ ਸਨ।

## ੧-ਇਕ ਪੰਥ

ਵੇਦ ਵਿਚ ਲਿਖਿਆ ਹੈ ਕਿ:–'ਨਾਨਯਾ ਪਨਥਾ ਵਿਦਯਤੇ ਅਯਨਾਯ' ਅਨੰਤ ਸੁਖਦੀ ਪ੍ਰਾਪਤੀ, ਮੋਕਸ਼ ਜਾਂ ਮੁਕਤੀਦਾ ਇਕ ਹੀ ਰਸਤਾਹੈ ਦੋ ਨਹੀਂ

ਗੁਰੂ ਅਰਜਨ ਦੇਵ ਜੀ ਨੇ ਵੀ ਕਹਿਆ ਹੈ ਕਿ :-

" ਇਕੋ ਬਾਣੀ ਇਕ ਗੁਰੁ ਏਕਾ ਸ਼ਬਦ ਵਿਚਾਰ

ਅਰਥਾਤ-ਇਕ ਹੀ ਵੇਦ ਬਾਣੀ ਅਤੇ ਇਸ ਦਾ ਪ੍ਰਕਾਸ਼ਕ ਪਰਮਾਤਮਾ ਵੀ ਇਕ ਅਤੇ ਸ਼ਬਦ ਜਾਂ ਸੱਤ ਗਿਆਨ ਅਤੇ ਵਿਚਾਰ ਵੀ ਇਕ ਜਾਂ ਸੱਤ ਹੈ

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :-

"ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"

ਅਰਥਾਤ-ਸਚਾਈ ਹਰ ਸਮੇਂ ਇਕ ਰਸ ਰਹਿੰਦੀ ਹੈ, ਬਦਲਦੀ ਨਹੀਂ

"ਸਚੁ ਪੁਰਾਣਾ ਨਾ ਥੀਐ, ਨਾਮ ਨ ਮੈਲਾ ਹੋਇ ।" ਮ. ੩

ਅਰਥਾਤ-ਸਚਾਈ ਪੁਰਾਣੀ ਨਹੀਂ ਹੁੰਦੀ ਅਤੇ ਨਾਮ ਜਾਂ ਪਰਮਾਤਮਾ ਦੇ ਗੁਣ; ਕਰਮ ਤੇ ਸੁਭਾਵ ਸਦਾ ਉਜਲੇ ਰਹਿੰਦੇ ਹਨ, ਕਿਸੇ ਸਮੇਂ ਵੀ ਮੈਲੇ ਜਾਂ ਗਲਤ ਨਹੀਂ ਹੁੰਦੇ ।

ਸ਼ੇਖ ਇਬਰਾਹੀਮ ਨੇ ਗੁਰੂ ਨਾਨਕ ਤੋਂ ਪ੍ਰਸ਼ਨ ਪੁਛਿਆ ਕਿ :-

"ਇਕ ਸਾਹਿਬ ਤੇ ਦੋ ਹੱਦੀਂ, ਕਿਹੜਾ ਸੇਵੀ ਤੇ ਕਿਹੜਾ ਰੱਦਾਂ ।"

ਤੇ ਗੁਰੂ ਜੀ ਨੇ ਉਤਰ ਦਿਤਾ ਕਿ :-

"ਇਕ ਸਾਹਿਬ ਤੇ ਇਕੋ ਹੱਦ, ਇਕ ਸੇਵ ਤੇ ਦੂਜਾ ਰੱਦ ।

ਅਰਤਾਤ- ਈਸ਼ਵਰ ਇਕ ਹੈ ਤੇ ਉਸਦੀ ਹੱਦ ਗਿਆਨ ਜਾਂ ਇਨਸਾਫ਼ ਨਿਯਮ ਵੀ ਇਕ ਹੈ ਇਸ ਵਾਸਤੇ ਇਕ (ਵੇਦ) ਧਰਮ ਦਾ ਸੇਵਨ ਕਰੋ ਤੇ ਦੂਜੇ ਜਾਂ ਉਲਟੇ ਨੂੰ ਜਾਂ ਵੇਦ ਵਿਰੁਧ ਨੂੰ ਰੱਦ ਕਰੋ ਜਾਂ ਤਿਆਗ ਦਿਓ ।

ਦਸ਼ਮ ਗੁਰੂ ਜੀ ਨੇ ਜਾਪ ਸਾਹਿਬ ਵਿਚ ਕਿਹਾ ਹੈ :-

"ਓਂਕਾਰ ਆਦਿ,ਕਥਨੀ ਅਨਾਦਿ"

ਅਰਥਾਤ– ਓਂਕਾਰ ਸਭ ਸੱਤ ਵਿਦਿਆਵਾਂ ਦਾ ਆਦਿ ਮੂਲ ਹੈ ਇਸ ਦੀ ਕਥਨੀ, ਬਾਣੀ ਜਾਂ ਸੱਤ ਗਿਆਨ ਵੇਦ ਅਨਾਦਿ ਹੈ ।

ਪਰ ਗੁਰੂ ਜੀ ਨੇ ਬੜੇ ਦੁਖ ਨਾਲ ਕਿਹਾ ਕਿ :–

"ਠੌਰ ਠੌਰ ਨਵ ਮਤ ਚਲੇ ਉਠਾ ਧਰਮ ਦਾ ਦੌਰ ।
ਸੁਕ੍ਰਿਤ ਜਹੇਂ ਤਹੇਂ ਦੂਰ ਰਹੀ, ਪਾਪ ਭਓ ਸਿਰਮੌਰ ॥

ਅਰਥਾਤ– ਅਜ ਦੇਸ਼ ਵਿਚ ਥਾਂ ਥਾਂ ਤੇ ਨਵੇਂ ਮਤ ਚਲ ਪਏ ਹਨ, ਜਿਨਾਂ ਦੇ ਕਾਰਣ ਸ਼ੁਭ ਕਰਮ ਦੂਰ ਹੋ ਗਏ ਹਨ ਅਤੇ ਪਾਪ ਸਿਰਮੌਰ ਜਾਂ ਨੇਤਾ ਬਣ ਗਿਆ ਹੈ ।

'ਪੇੜ ਪਾਤ ਆਪਨ ਤੇ ਜਲੇ, ਪ੍ਰਭੂ ਕੇ ਪੰਥ ਨਾ ਕੋਊ ਚਲੇ।"

ਅਰਥਾਤ–ਧਰਮ ਦਾ ਪੇੜ ਅਪਣੇ ਹੀ ਪਤ੍ਰਾਂ ਜਾਂ ਗਲਤਿਆਂ ਨਾਲ ਸੜਨ ਲਗਾ ਹੈ, ਪ੍ਰਭੂ ਦੇ ਪੰਥ ਤੇ ਜਾਂ ਵੇਦ ਮਾਰਗ ਤੇ ਲੋਕਾਂ ਨੇ ਚਲਨਾ ਛੱਡ ਦਿਤਾ ਹੈ ।

ਉਤੇ ਲਿਖੇ ਪ੍ਰਮਾਣਾਂ ਤੋਂ ਸਿੱਧ ਹੋ ਗਿਆ ਕਿ ਅਸੀਂ ਸਾਰੇ ਮਨੁਖ ਜਾਤੀ ਭਾਈ ਭਾਈ ਹਾਂ ਸਾਡਾ ਇਕ ਹੀ ਪੰਥ ਜਾਂ ਇਕ ਹੀ ਧਰਮ ਹੈ ਇਸ ਵਾਸਤੇ ਸਿੱਖ ਵਿਦ੍ਵਾਨਾਂ ਦਾ ਸਿੱਖ ਪੰਥ ਨੂੰ ਵੇਦ ਮਾਰਗ ਤੋਂ ਵਖਰਾ ਮੰਨਨਾ ਗੁਰੂਆਂ ਤੇ ਝੂਠਾ ਦੋਸ਼ ਲਗਾਨਾ ਹੈ ।

## ਪਹਿਲਾ ਪ੍ਰਸ਼ਨ

ਹੁਣ ਸਾਡਾ ਸਿੱਖ ਜਗਤ ਅੱਗੇ ਪਹਿਲਾ ਪ੍ਰਸ਼ਨ ਹੈ ਕਿ ਜਦ ਦਸੇ ਗੁਰੂ ਸਾਹਿਬਾਨ ਇਕ ਸਚਾਈ, ਇਕ ਧਰਮ ਜਾਂ ਇਕ ਸੱਤ ਗਿਆਨ ਵੇਦ ਬਾਣੀ ਨੂੰ ਮੰਨਦੇ ਸਨ ਤਾਂ ਆਪ ਜੀ ਦਾ ਇਹ ਕਹਿਣਾ ਕਿ ਗੁਰੂਆਂ ਨੇ ਵਖਰੇ ਖਾਲਸਾ

ਪੰਥ ਦਾ ਨਿਰਮਾਨ ਕੀਤਾ ਸੀ ਅਤੇ ਕਿ ਇਸਦੇ ਸਿਧਾਂਤ ਨਿਰਾਲੇ ਹਨ ਇਹ ਕਿਸ ਤਰਾਂ ਸਚ ਹੋ ਸਕਦਾ ਹੈ ?

## ੨- ਇਕ ਦੀ ਉਪਾਸਨਾ

ਵੇਦ ਦੀ ਇਕ ਸ੍ਰੁਤੀ ਹੈ :-"ਪਤਿਰੇਕ ਆਸੀਤ"

ਅਰਥਾਤ-ਸਾਰੇ ਸੰਸਾਰ ਦਾ ਇਕੋ ਹੀ ਪਤੀ ਸਵਾਮੀ ਜਾਂ ਉਪਾਸਨਾ ਕਰਨ ਵਾਲਾ ਦੇਵਤਾ ਹੈ। ਆਰਯਾ ਸਮਾਜ ਦਾ ਦੂਸਰਾ ਨਿਯਮ ਹੈ ਕਿ :-

ਈਸ਼ਵਰ ਸਚਿਦਾਨੰਦ ਸਵਰੂਪ, ਨਿਰਾਕਾਰ ਸਰਵ ਸ਼ਕਤੀਮਾਨ ਨਿਆਇਕਾਰੀ ਦਆਲੂ ਅਜਨਮਾ, ਅਨੰਤ ਨਿਰਵਿਕਾਰ, ਅਨਾਦੀ ਅਨੂਪਮ ਸਰਵਾਧਾਰ; ਸਰਵੇਸ਼ਵਰ, ਸਰਵਵਿਆਪਕ; ਸਰਵਅੰਤਰਯਾਮੀ, ਅਜਰ, ਅਮਰ, ਅਭੈ, ਨਿੱਤ; ਪਵਿਤ੍ਰ ਅਤੇ ਸ੍ਰਿਸ਼ਟੀ ਕਰਤਾ ਹੈ ਓਸੇ ਦੀ ਉਪਾਸਨਾ ਕਰਨੀ ਯੋਗ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ ਆਖਿਆ ਹੈ :-

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈ ਭੰਗ ਗੁਰ ਪ੍ਰਸਾਦਿ ॥

ਅਰਥਾਤ-ਪਰਮਾਤਮਾ ਇਕ ਹੈ ਜਿਸਦਾ ਮੁਖ ਨਾਮ ਓਂਕਾਹ ਹੈ; ਜਿਸਦਾ ਨਾਂ ਤੇ ਗੁਣ ਕਰਮ ਸੁਭਾ ਸੱਤ ਹੈ ਜੋ ਸ੍ਰਿਸ਼ਟੀ ਦਾ ਕਰਤਾ ਹੈ ਬਨਾਨ ਵਾਲਾ ਹੈ, ਅਤੇ ਸਰਵ ਵਿਆਪਕ ਹੈ। ਜਿਸ ਨੂੰ ਕਿਸੇ ਦਾ ਵੀ ਡਰ ਨਹੀਂ ਤੇ ਨਾ ਹੀ ਕਿਸੇ ਨਾਲ ਵੈਰ ਹੈ, ਓਹ ਕਾਲ ਤੋਂ ਰਹਿਤ ਹੈ ਅਥਵਾ ਓਹ ਮਰਦਾ ਨਹੀਂ; ਅਤੇ ਅਮੂਰਤ ਹੈ ਓਹਦੀ ਕੋਈ ਮੂਰਤੀ ਨਹੀਂ ਨਾਂ ਓਹਦਾ ਕੋਈ ਰੰਗ, ਰੂਪ; ਸ਼ਕਲ ਜਾਂ ਤੋਲ ਮਾਪ ਹੈ; ਤੇ ਓਹ ਜਨਮ ਮਰਨ ਤੋਂ ਵੀ ਰਹਿਤ ਹੈ. ਆਪਣੇ

ਆਪ ਪ੍ਰਕਾਸ਼ ਸਵਰੂਪ ਹੈ ਅੰਤੇ ਅਸੀਮ ਕਿਰਪਾ ਦਾ ਸਾਗਰ ਹੈ ।

ਏਹ ਗੁਰੂ ਵਾਕ ਗ੍ਰੰਥ ਸਾਹਿਬ ਵਿਚ ੫੬੭ ਵਾਰੀ ਆਇਆ ਹੈ ਇਸ ਨੂੰ ਸਿੱਖ ਧਰਮ ਦਾ ਆਦਿ ਮੂਲ ਵੀ ਕਿਹਾ ਜਾਂਦਾਹੈ ਅਤੇ ਇਹ ਸਾਹਿ ਦਾ ਸਾਰਾ ਹੀ ਵੇਦ ਅਨਕੂਲ ਹੈ । ਅਗੇ ਕਿਹਾ ਹੈ—

ਇਕੋ ਰਵਿ ਰਹਿਆ ਸਭ ਠਾਈ ।

ਅਵਰ ਨਾ ਦੀਸੈ ਕਿਸੁ ਪੂਜ ਚੜ੍ਹਾਈ ।

(ਪ੍ਰਭਾਤੀ ਮ: ੧)

ਅਰਥਾਤ—ਓਹ ਇਕ ਪਰਮਾਤਮਾ ਸਭਨੀਂ ਥਾਈਂ ਰਮ ਰਹਿਆ ਹੈ । ਉਸ ਦੇ ਉਤੇ ਜਾਂ ਉਸ ਤੋਂ ਵਡਾ ਹੋਰ ਕੋਈ ਦਿਖਾਈ ਨਹੀਂ ਦੇਂਦਾ ਫੇਰ ਅਸੀਂ ਕਿਸੇ ਦੂਸਰੇ ਦੀ ਕਿਉਂ ਅਤੇ ਕਿਸ ਤਰ੍ਹਾਂ ਪੂਜਾਂ ਉਪਾਸਨਾਂ ਜਾਂ ਭਗਤੀ ਕਰਿਏ ?

ਹਰਿ ਕੀ ਤੁਮ ਸੇਵਾ ਕਰਹੁ । ਦੂਜੀ ਸੇਵਾ ਕਰਹੁ ਨ ਕੋਇ ਜੀ ॥

(ਗੁਜਰੀ ਮ੦ ੩)

ਗੁਰੂ ਅਮਰ ਦਾਸ ਜੀ ਨੇ ਕਿਹਾ ਹੈ ਕਿ ਕੇਵਲ ਏਕ ਈਸ਼ਵਰ ਦੀ ਭਗਤੀ ਕਰੋ ਅਤੇ ਹੋਰ ਕਿਸੇ ਦੀ ਉਪਾਸਨਾ ਨਾ ਕਰੋ ।

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥

ਅਵਰ ਦੂਜਾਂ ਕਿਉਂ ਸੇਵੀਐ ਜੰਮੈ ਤੇ ਮਰ ਜਾਇ ॥

(ਗੁਜਰੀ ਦੀ ਵਾਰ)

ਅਰਥਾਤ—ਸਦਾ ਓਸ ਇਕ ਪਰਮਾਤਮਾ ਦੀ ਉਪਾਸਨਾ ਕਰੋ ਜੋ ਸ: ਵਿਚ ਅਤੇ ਸਭ ਜਗ੍ਹਾਂ ਵਿਆਪਕ ਹੈ । ਉਸਨੂੰ ਛਡ ਕੇ ਦੂਸਰਿਆਂ ਦੀ ਪੂਜਾ ਜ ਭਗਤੀ ਨਾ ਕਰੋ ਜੋ ਜਨਮ ਲੈਂਦੇ ਅਤੇ ਅੰਤ ਵਿਚ ਮਰ ਜਾਂਦੇ ਹਨ ।

ਗੁਰੂ ਤੇਗ ਬਹਾਦਰ ਜੀ ਨੇ ਕਿਹਾ :—

ਏਕ ਭਗਤ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨ।
ਜੈਸੇ ਸੂਕਰ ਸਆਨ ਨਾਨਕ ਮਾਨੋ ਤਾਹਿ ਤਨ॥ ੪੪

ਅਰਥਾਤ– ਜਿਸ ਮਨੁਖ ਦੇ ਮਨ ਵਿਚ ਇਕ ਈਸ਼ਵਰ ਦੀ ਭਗਤੀ ਨਹੀਂ। ਜੋ ਉਸਨੂੰ ਛਡ ਦੂਸਰਿਆਂ ਦੀ ਉਪਾਸਨਾ ਕਰਦਾ ਹੈ ਸਮਝੋ ਉਸਦਾ ਸਰੀਰ ਤਾਂ ਸੁਅਰ ਅਤੇ ਕੁੱਤੇ ਦੇ ਸਮਾਨ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ।

ਬਿਨ ਕਰਤਾਰ ਨਾ ਕ੍ਰਿਤਮ ਮਾਨੋ।

ਅਰਥਾਤ–ਸੰਸਾਰ ਦੇ ਰਚਨ ਵਾਲੇ ਕਰਤਾਰ ਨੂੰ ਛਡ ਕੇ, ਉਸਦੀ ਰਚਨਾ ਜਾਂ ਬਨੇ ਹੋਏ ਪਦਾਰਥਾਂ ਦੀ ਪੂਜਾ ਨਾ ਕਰੋ।

ਭਗਤ ਕਬੀਰ ਜੀ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹੈ :–

ਸੋ ਸਾਹਿਬ ਰਹਿਆ ਭਰਪੂਰ। ਸਦਾ ਸੰਗਿ ਨਾਹੀ ਹਰਿ ਦੂਰ॥

ਅਰਥਾਤ–ਪਰਮਾਤਮਾ ਸਭ ਜਗ੍ਹਾਂ ਭਰਪੂਰ ਜਾਂ ਵਿਆਪਕ ਹੈ ਉਹ ਪ੍ਰਾਣੀ ਮਾਤ੍ਰ ਦੇ ਅੰਗ ਸੰਗ ਤੋਂ ਕਦੀ ਵੀ ਅਲਗ ਨਹੀਂ ਹੁੰਦਾ।

ਪਰ ਅਜ ਈਸ਼ਵਰ ਨੂੰ ਛਡ ਗੁਰੁ ਸਿੱਖ ਅਨੇਕਾਂ ਦੀ ਉਪਾਸਨਾ, ਪੂਜਾ ਅਤੇ ਅਰਦਾਸ ਜਾਂ ਪ੍ਰਾਰਥਨਾ ਕਰਦੇ ਹਨ। ਗਿਆਨੀ ਸ਼ੇਰਸਿੰਘ ਜੀ ਨੇ ਏਹ ਅਵਸਥਾ ਵੇਖ ਕੇ ਨਿੱਤ ਨੇਮ ਸਟੀਕ ਵਿਚ ਲਿਖਿਆ ਕਿ ਅਨੇਕ ਸਿੱਧੇ ਸਾਦੇ ਭਾਈ ਕਿਸੇ ਗੁਪਤ ਨਾਮ ਦੀ ਖੋਜ ਵਿਚ ਅਨੇਕ ਸਾਧੂ ਸੰਤਾਂ ਦੇ ਕੋਲ ਜਾਂਦੇ ਹਨ। ਓਹਨਾਂ ਤੋਂ ਅਖ ਮੀਟਨ ਜਾਂ ਕਿਸੀ ਫੋਟੋ ਜਾਂ ਮੂਰਤੀ ਤੇ ਧਿਆਨ ਜਮਾਨ ਆਦਿਕ ਫੋਕੇ ਸਾਧਨਾਂ ਨੂੰ ਸਿੱਖ ਕੇ ਮੁਲੱਮੇ ਦੇ ਗਹਿਨਿਆਂ ਤੇ ਰੀਝ ਜਾਂਦੇ ਹਨ। ਅਤੇ ਕਈ ਤੇ ਸੰਤਾਂ ਦਾ ਸਤਿ (ਜੂਠਾ) ਪ੍ਰਸਾਦ ਖਾਂਦੇ ਵੇਖੇ ਜਾਂਦੇ ਹਨ ਅਤੇ ਜਿਥੇ ਓਹ ਮਨਖਾਂ ਦੀਆਂ ਤਸਵੀਰਾਂਦਾ ਧਿਆਨ ਧਰਕੇ ਆਤਮਿਕ

ਤੇਜ ਦਾ ਨਾਸ ਕਰ ਲੈਂਦੇ ਹਨ। ਓਹਨਾਂ ਸੰਤਾਂ ਨੂੰ ਭਾਵੇਂ ਗੁਰੂ ਨਹੀਂ ਵੀ ਕਿਹਾ ਜਾਂਦਾ ਪਰ ਸਾਧੂ, ਸੰਤ; ਭਾਈ ਸਾਹਿਬ; ਆਦਕ ਸ਼ਬਦ ਆਖ ਕੇ ਅੰਤ ਵਿਚ ਰੰਗ ਓਸੇ ਫਿਕੇ ਗੁਰੂ ਦਾ ਚੜ ਜਾਂਦਾ ਹੈ। ਜੇ ਏਹੋ ਅਵਸਥਾ ਰਹੀ ਤਾਂ ਇਕ ਪੰਥ ਦੀ ਥਾਂ ਸੈਂਕੜੇ ਫਿਰਕੇ ਅਥਵਾ ਪੰਥ ਬਣ ਜਾਣਗੇ ਅਤੇ ਸੈਂਕੜੇ ਸੰਤਾਂ ਦੇ ਸਿੱਖ ਵਖ ਵਖ ਅਪਣੀ ਢਾਈ ਚਾਵਲ ਦੀ ਖਿਚੜੀ ਵਖੋ ਵਖ ਪਕਾਨਗੇ। ਗਿਆਨੀ ਜੀ ਅਗੇ ਚਲ ਕੇ ਲਿਖਦੇ ਹਨ ਕਿ :-

ਜੋ ਵੀ ਸਾਨੂੰ ਇਕ ਈਸ਼ਵਰ ਦੀ ਭਗਤੀ ਤੋਂ ਹਟਾ ਕੇ ਅਨੀਸ਼ਵਰ ਦੀ ਪੂਜਾ ਵਿਚ ਜੋੜਦਾ ਹੈ ਓਹ ਆਤਮਿਕ ਡਾਕੂ ਹੈ; ਚਾਹੇ ਓਹ ਵਡੇ ਤੋਂ ਵਡਾ ਗਿਆਨੀ ਯੋਗੀਰਾਜ ਕਿਉਂ ਨਾ ਹੋਵੇ।

## ਦੂਸਰਾ ਪ੍ਰਸ਼ਨ

ਹੁਨ ਸਾਡਾ ਸਿੱਖ ਜਗਤ ਅੱਗੇ ਦੂਜਾ ਪ੍ਰਸ਼ਨ ਏਹ ਹੈ ਕਿ ਜਦ ਗੁਰੂਬਾਣੀ ਇਕ ਈਸ਼ਵਰ ਭਗਤੀ ਦਾ ਉਪਦੇਸ਼ ਦੇ ਰਹੀ ਹੈ ਤੇ ਤੁਸੀ ਇਕ ਨੂੰ ਛਡ ਕੇ ਅਨੇਕਾਂ ਦੇ ਨਾਂ ਦੀ ਅਰਦਾਸ ਕਿਉਂ ਕਰਦੇ ਹੋ? ਅਤੇ ਓਨ੍ਹਾਂ ਅੱਗੇ ਏਹ ਪ੍ਰਾਰਥਨਾ ਕਿਉਂ ਕਰਦੇ ਹੋ ਕਿ:-

'ਸਭ ਥਾਈਂ ਹੋਣਾ ਜੀ ਸਹਾਇ''

ਸੱਚੀ ਵੇਦ ਦੀ ਉਪਾਸਨਾ ਕਿਉਂ ਨਹੀਂ ਕਰਦੇ? ਜਦ ਈਸ਼ਵਰ ਦਾ ਨ "ਵਾਹਿਗੁਰੂ", ਨਾ ਕਿਸੇ ਗੁਰੂ ਨੇ ਉਚਾਰਣ ਕੀਤਾ ਅਤੇ ਜਦੋਂ ਤੁਸੀ ਇਸਦ ਅਰਥ ਹੀ ਨਹੀਂ ਜਾਣਦੇ ਤਾਂ ਏਸ ਨੂੰ ਕਿਉਂ ਰਟਦੇ ਹੋ?

## ਤੀਸਰਾ ਪ੍ਰਸ਼ਨ

੩ ਇਕ ਮਾਤ੍ਰੀ ਭਾਸ਼ਾ, ਮਾਤ੍ਰੀ ਭੂਮੀ ਅਤੇ ਮਾਤ੍ਰੀ ਸਭਯਤਾ

ਇਹ ਗਲ ਸਾਫ਼ ਹੈ ਕਿ ਮਹਾਪੁਰਖ ਪੈਦਾ ਹੀ ਓਦੋਂ ਹੁੰਦੇ ਹਨ ਜਦੋਂ ਦੇਸ਼ ਅਤੇ ਜਾਤੀਨੂੰ ਓਹਨਾਂ ਦੇ ਪੈਦਾ ਹੋਣਦੀ ਲੋੜ ਹੁੰਦੀ ਹੈ। ਸਿਖ ਗੁਰੂ ਸਾਹਿਬਾਨ ਅਤੇ ਰਿਸ਼ੀ ਦਯਾਨੰਦਜੀ ਦੇ ਵੇਲੇ ਦੇਸ਼ ਦੀ ਕੀ ਹਾਲਤ ਸੀ।

੧–ਵੇਦਾਂ ਦਾ ਨਾਂ ਤੇ ਲੋਕਾਂ ਨੇ ਸੁਨ ਰਖਿਆ ਸੀ ਪਰ ਵੇਦ ਕੀ ਹੈ ਅਤੇ ਏਹਨਾਂ ਵਿਚ ਕਿਹੜਿਆਂ ਕਿਹੜਿਆਂ ਸਿਖਿਆਵਾਂ ਦਾ ਵਰਨਣ ਹੈ ਲੋਕ ਏਹਦੇ ਤੋਂ ਬਿਲਕੁਲ ਨਾ ਵਾਕਿਫ ਸਨ।

੨–ਦੇਸ਼ ਪੁਰਾਣੀ ਵੈਦਿਕ ਸਭ੍ਯਤਾ ਨੂੰ ਭੁਲ ਚੁਕਿਆ ਸੀ।

੩–ਹਿੰਦੀ(ਆਰਯਾ) ਭਾਸ਼ਾਦਾ ਪੜ੍ਹਨਾ ਪੜ੍ਹਾਨਾਂ ਫੈਸ਼ਨ ਦੇ ਵਿਰੁਧ ਸੀ। ਬਦੇਸ਼ੀ ਜਾਂ ਮਲੇਛ ਭਾਸ਼ਾਦੇ ਸਾਮਨੇ ਹਿੰਦੀ ਗੰਦੀ ਅਖਵਾਨ ਲਗ ਪਈ ਸੀ।

੪–ਮਤ ਮਤਾਂਤਰਾਂ ਦੀ ਉਲਟੀ ਸਿਖਿਆ ਨਾਲ ਦੇਸ਼ ਅਤੇ ਜਾਤੀ ਅਗਿਆਨ ਦੇ ਗੜ੍ਹੇ ਵਿਚ ਗਿਰ ਚੁਕੀ ਸੀ।

ਅਥਰਵ ਵੇਦ ਵਿਚ ਕਿਹਾ ਹੈ ਕਿ :–ਤੁਸੀ ਨਾਲ ਨਾਲ ਮਿਲ ਕੇ ਚਲੋ। ਤੁਹਾਡਾ ਮਾਰਗ ਜਾਂ ਪੰਥ ਇਕ ਹੋਵੇ। ਤੁਹਾਡੀ ਭਾਸ਼ਾ ਇਕ ਹੋਵੇ, ਤੁਹਾਡਾ ਗਿਆਨ ਇਕ ਹੋਵੇ। ਜਿਸ ਤਰਾਂ ਪਹਿਲੇ ਵਿਦ੍ਵਾਨਾਂ ਨੇ ਇਕ ਮਤ ਹੋ ਕੇ ਇਕ ਧਰਮ ਅਤੇ ਐਸ਼ਵਰਯ ਦਾ ਸੇਵਣ ਕੀਤਾ ਸੀ ਓਸੇ ਤਰਾਂ ਤੁਸੀ ਵੀ ਕਰੋ, ਅਰਥਾਤ ਮਾਤ੍ਰੀ ਭਾਸ਼ਾ, ਮਾਤ੍ਰੀ ਭੂਮੀ, ਮਾਤ੍ਰੀ ਸਭ੍ਯਤਾ ਨਾਲ ਸਾਰਿਆਂ ਦਾ ਇਕੋ ਜਿਹਾ ਪਿਆਰ ਹੋਵੇ।

ਜਨਮ ਸਾਖੀ ਭਾਈ ਬਾਲਾ ਦੇ ਸਫ਼ੇ ੪ ਤੇ ਲਿਖਿਆ ਹੈ ਕਿ–

ਪਹਿਲੇ ਸ਼ਾਸਤ੍ਰੀ ਅੱਖਰ ਸਾਰੇ ਸੰਸਾਰ ਵਿਚ ਪ੍ਰਚਲਿਤ ਸਨ, ਪਰ ਗੁਰੂ ਨਾਨਕ ਜੀ ਦੇ ਸਮੇਂ ਵਿਚ ਓਹਨਾਂ ਦਾ ਸਮਝਨਾ ਮੁਸ਼ਕਿਲ ਹੋ ਗਿਆ ਸੀ। ਗੁਰੂ ਨਾਨਕ ਜੀ ਦੀ ਜਨਮ ਪਤ੍ਰੀ ਪੜਨ ਵਾਸਤੇ ਸੁਲਤਾਨ ਪੁਰ ਤੋਂ ਭਾਈ ਪੈੜਾ ਮੋਖਾ ਨੂੰ ਮੰਗਵਾਇਆ ਗਿਆ ਸੀ।

ਗੁਰੂ ਨਾਨਕ ਜੀ ਬੜੇ ਦੁਖ ਨਾਲ ਲਿਖਦੇ ਹਨ :-

ਖਤ੍ਰੀਆਂ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸ਼ਟੀ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ੩
ਧਨਾਸ਼ਰੀ ਮ: ੧

ਅਰਥਾਤ–ਖਤ੍ਰੀ ਲੋਕਾਂ ਨੇ ਆਪਣੀ ਧਰਮ ਭਾਸ਼ਾ ਸ਼ਾਸਤ੍ਰੀ ਨੂੰ ਪੜਨਾ ਲਿਖਨਾ ਛਡ ਦਿਤਾ। ਫਾਰਸੀ ਅਰਬੀ ਮਲੇਛ ਭਾਸਾ ਨੂੰ ਅਪਣਾ ਲਿਆ. ਦੇਸ ਸ਼ੂਦਰ ਵਰਣ ਹੋ ਗਿਆ ਧਰਮ ਦੀ ਗਤੀ ਰੁਕ ਗਈ।

ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਦੁਖ ਨਾਲ ਕਿਹਾ ਹੈ ਕਿ :-

ਨਹੀਂ ਵੇਦ ਵਾਕ ਪ੍ਰਮਾਣ ਹੈਂ; ਮਤ ਭਿੰਨ ਭਿੰਨ ਬਖਾਨ ਹੈਂ ॥

ਅਰਥਾਤ– ਲੋਗ ਵੇਦ ਨੂੰ ਪ੍ਰਮਾਣ ਨਹੀਂ ਮੰਨਦੇ ਅਗਿਆਨ ਕਰਕੇ ਵਖਰੇ ਮਤਾਂ ਨੂੰ ਮਨੱਨ ਲਗ ਪਏ ਹਨ।

ਸਾਡਾ ਦਾਅਵਾ ਹੈ ਕਿ– ਦਸਮ ਗੁਰੂ ਜੀ ਨੇ ਅਪਣੀ ਮੁਖ ਵਾਕ ਬਾਣੀ ਵਿਚ ਪੰਜਾਬ ਤੇ ਪੰਜਾਬੀ ਸ਼ਬਦ ਦਾ ਉਚਾਰਣ ਹੀ ਨਹੀਂ ਕੀਤਾ ਓਹ ਏਸ ਪੰਜਾਬ ਪ੍ਰਾਂਤ ਨੂੰ ਮਦ੍ਰ ਦੇਸ਼ ਕਹਿੰਦੇ ਸਨ, ਓਹ ਲਿਖਦੇ ਹਨ ਕਿ–

ਮਦ੍ਰ ਦੇਸ਼ ਹਮ ਕੋ ਲੇ ਆਏ ਭਾਂਤਿ ਭਾਂਤਿ ਦਾਈਅਨਿ ਦੁਲਰਾਏ।

ਅਰਥਾਂਤ–ਮੇਰਾਂ ਜਨਮ ਪਟਣਾਂ ਸਾਹਿਬ ਵਿਚ ਹੋਇਆ ਸਾਨੂੰ ਆਨੰ ਪੁਰ ਸਾਹਿਬ ਲਿਆਂਦਾ ਗਿਆ; ਜਿਥੇ ਦਾਇਆ ਨੇ ਸਾਡਾ ਲਾਲਨ ਪਾਲਨ ਕੀਤਾ।

ਆਪ ਜੀ ਨੇ ਆਪਣੇ ਸਿਖਾਂ ਨੂੰ ਆਗਿਆ ਦਿਤੀ ਸੀ ਕਿ–

ਵੇਦ ਸ਼ਾਸਤ ਗੁਰ ਵਾਕਕੋ ਧਾਰੇ ਔਰ ਵਿਆਧ ਮਮ ਸਗਲੀ ਟਾਰੇ

ਅਰਬੀ ਫਾਰਸੀ ਅੱਖਰ ਨਾਂ ਪੜੇ । ਮੇਰਾ ਸਿਖ ਨੌਕਰੀ ਨਾ ਕਰੇ॥
ਤੁਰਕਕੋ ਮਾਥਾ ਕਭੀ ਨਾ ਝੁਕਾਵੇ, ਤੁਰਕ ਸੰਗ ਬੈਠ ਨਾਹੀ ਖਾਵੇ ॥

ਅਰਥਾਤ–ਮੇਰਾ ਸਿਖ ਸਭ ਤੋਂ ਪਹਿਲਾਂ ਵੇਦਾ ਨੂੰ ਮੰਨੇ ਫੇਰ ਸ਼ਾਸਤ੍ਰ ਅਤੇ ਗੁਰੂ ਬਾਣੀ ਨੂੰ ਮੰਨੇ । ਫ਼ਾਰਸੀ ਅਰਬੀ ਮਲੇਛ ਭਾਸ਼ਾ ਨਾ ਪੜ੍ਹੇ । ਮੁਸਲ-ਮਾਨਾਂ ਦੀ ਨੌਕਰੀ ਨਾ ਕਰੇ । ਇਹਨਾਂ ਨੂੰ ਸਲਾਮ ਤਕ ਨਾ ਕਰੇ ਅੰਤੇ ਨਾਂ ਇਹਨਾਂ ਨਾਲ ਮਿਲਕੇ ਖਾਵੇ, ਇਹਨਾਂ ਗਲਾਂਨੂੰ ਰੋਗ ਸਮਝਕੇ ਤਿਆਗ ਦੇਵੇ ।

ਪਰ ਕਿਤਨੇ ਦੁਖ ਦੀ ਗਲ ਹੈ ਕਿ ਤੱਤ ਖਾਲਸਾ ਨੇ ਬੀਰ ਬੈਰਾਗੀ ਬੰਦਾ ਬਹਾਦਰ ਦਾ ਸਾਥ ਛਡ ਕੇ ਮੁਗਲਾਂ ਦੀ ਫੌਜ ਵਿਚ ਨੌਕਰੀ ਕਰ ਲਈ ਸੀ ਅਤੇ ਬੀਰ ਬੰਦਾ ਨਾਲ ਲੜਾਈ ਕਰਣ ਆ ਗਏ ਸਨ । ਅਜ ਵੀ ਅੰਕਾਲੀ ਭਰਾ ਪੰਜ਼ਾਬੀ ਸੂਬੇ ਅਤੇ ਪੰਜ਼ਾਬੀ ਭਾਸ਼ਾ ਦਾ ਰੋਣਾ ਰੋ ਰਹੇ ਹਨ । ਜੋ ਫਾਰਸੀ ਭਾਸ਼ਾ ਦਾ ਸ਼ਬਦ ਹੈ । ਗੁਰੂਆਂ ਦੀ ਭਾਸ਼ਾ ਨੂੰ ਤਾਂ ਸਮਝੋ ਏਹਨਾਂ ਤਿਆਗ ਹੀ ਦਿਤਾ ਹੈ ।

ਸਾਡਾ ਤੀਸਰਾ ਪ੍ਰਸ਼ਨ ਪ੍ਰਮੁਖ ਸਿੱਖ ਵਿਦ੍ਵਾਨਾਂ ਅਗੇ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਪ੍ਰਕਾਸ਼ ਕਰਕੇ ਜਦ ਸਭ ਜਾਤਾਂ ਵਿਚੋਂ ਅਤੇ ਸਭ ਪ੍ਰਾਂਤਾਂ ਵਿਚੋਂ ਪੰਜ ਪਿਆਰੇ ਲੈਕੇ ਪੰਥ ਦਾ ਪ੍ਰਕਾਸ਼ ਕੀਤਾ ਨਾਲੇ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦੁਰ ਜੀ ਨੇ ਆਪਣੀ ਪਵਿਤ੍ਰ ਬਾਣੀ ਹਿੰਦੀ ਭਾਸ਼ਾ ਵਿਚ ਉਚਾਰਣ ਕੀਤੀ ਸੀ । ਏਸ ਵਾਸਤੇ ਆਪ ਲੋਗ ਕਿਉਂ ਗੁਰੂ ਮਾਰਗ ਨੂੰ ਛਡਕੇ ਗਲਤ ਰਸਤੇ ਤੇ ਜਾ ਰਹੇ ਹੋ । ਸਾਥ ਹੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਭਰ ਦੇ ਭਗਤਾਂ ਦੀ ਬਾਣੀ ਨੂੰ ਸਥਾਨ ਦੇ ਕੇ ਗੁਰੂ ਦੀ ਪਦਵੀ ਦੇਤੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੇ ਵਿਰੁਧ ਕਿਉਂ ਜਾ ਰਹੇ ਹੋ ?

# ਚੌਥਾ ਪ੍ਰਸ਼ਨ

## ੪ ਈਸ਼ਵਰੀ ਗਿਆਨ ਵੇਦ

## ਵੇਦੋ ਅਖਿਲੋ ਧਰਮ ਮੂਲਮ

ਸੱਤ ਵਿਦਿਆ ਦਾ ਆਦਿ ਮੂਲ ਪਰਮੇਸ਼ਵਰ ਹੈ। ਵੇਦ ਸਭ ਵਿਦਆਵਾਂ ਦੀ ਪੁਸਤਕ ਹੈ। ਈਸ਼ਵਰ ਸਰਵ ਵਿਆਪਕ, ਜਗਤ ਦੇ ਪੈਦਾ ਕਰਨ ਵਾਲਾ, ਸਰੀਰ ਰਹਿਤ, ਛਿਦ੍ਰ ਰਹਿਤ, ਸੂਖਮ ਦਰਸ਼ੀ, ਮਨ ਦਾ ਸਾਕਸ਼ੀ, ਸਭ ਦਾ ਮਾਲਿਕ, ਅਪਣੀ ਸੱਤਾ ਤੇ ਆਪ ਕਾਇਮ ਹੈ; ਉਸਨੇ ਅਨਾਦਿ ਪ੍ਰਜਾ (ਜੀਵਾਂ) ਦੇ ਵਾਸਤੇ ਵੇਦਾਂ ਦਾ ਸੱਤ ਗਿਆਨ ਦਿਤਾ ਹੈ ਅਤੇ ਕਰਮ ਫਲਾਂ ਦਾ ਵਿਧਾਨ ਕੀਤਾ ਹੈ। ਚੌਵਾਂ ਵੇਦਾਂ ਦੀ ਵਿਦਿਆ ਧਰਮਯੁਕਤ ਹੈ ਅਤੇ ਈਸ਼ਵਰ ਦੀ ਦੇਣ ਹੋਣ ਕਰਕੇ ਨਿਰਭਰਾਂਤ ਅਥਵਾ ਬਿਨਾਂ ਸੰਸ਼ੇ ਦੇ ਹਨ। ਏਹਨਾਂ ਵਿਚ ਕੋਈ ਵੀ ਭੁਲ ਨਹੀਂ ਅਤੇ ਇਹ ਅਪਣੇ ਆਪ (ਸ੍ਵਤਾ) ਪ੍ਰਮਾਣ ਹਨ। ਵੇਦ ਤੋਂ ਬਿਗੈਰ ਜਿਨੇ ਵੀ ਧਰਮ ਗ੍ਰੰਥ ਹਨ ਇਹਨਾਂ ਵਿਚ ਜੋ ਕੁਝ ਵੇਦ ਅਨੁਕੂਲ ਲਿਖਿਆ ਹੋਇਆ ਹੈ ਓਹ ਪਰਤ੍ਹਾ ਪ੍ਰਮਾਣ ਹੈ ਅਤੇ ਮੰਨਨ ਦੇ ਯੋਗ ਹੈ। ਵੇਦ ਵਿਰੁਧ ਗਲ ਅਪ੍ਰਮਾਣ ਅਤੇ ਤਿਆਗਣੇ ਯੋਗ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ ਕਹਿਆ ਹੈ ਕਿ:-

ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਬਾਤ ॥

ਅਰਥਾਤ- ਲੋਕਾਂ ਨੇ ਸਤ ਗਿਆਨਦੇ ਜਾਣਨ ਦਾ ਬਹੁਤ ਯਤਨ ਕੀਤਾ ਵੇਦ ਹੀ ਇਕ ਸਚਾਈ ਦੀ ਗਲ ਕਹਿੰਦੇ ਹਨ।

ਨਾਲ ਹੀ ਬੜੇ ਸ਼ੋਕ ਨਾਲ ਆਖਿਆ ਕਿ :-

ਸਾਸਤੁ ਬੇਦ ਨ ਮਾਨੈ ਕੋਇ। ਆਪੋ ਆਪੈ ਪੂਜਾ ਹੋਇ ॥

ਫੇਰ ਆਸਾ ਦੀ ਵਾਰ ਵਿਚ ਲਿਖਿਆ :-

ਵਿਸਮਾਦੁ ਨਾਦ ਵਿਸਮਾਦੁ ਵੇਦ ॥

ਅਰਥਾਤ–ਈਸ਼ਵਰ ਦਾ ਸ਼ਬਦ ਅਤੇ ਵੇਦ ਆਸ਼ਚਰਜ ਜਨਕ (ਹੈਰਾਨ ਕਰਨ ਵਾਲੇ) ਹਨ ।

ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥

ਅਰਥਾਤ–ਤੇਰੀ ਅਦਾਲਤ ਅਤੇ ਦੀਵਾਣ ਸੱਚਾ ਹੈ; ਤੇਰੀ ਆਗਿਆ ਅਤੇ ਨਿਯਾਏ (ਇਨਸਾਫ਼) ਸੱਤ ਹਨ ।

ਇਤਿਹਾਸ ਵਿਚ ਗੁਰੂਆਂ ਨੇ ਕਿਹਾ ਹੈ ਕਿ :–

ਜਗ ਵਿਚ ਹਿੰਦੂ ਵੇਦਦੇ ਧਰਮ ਤੋਂ ਰਹਿ ਗਏ ਸਨ, ਅਸੀਂ ਵੇਦਦੀ ਹਿਯਾਤੀ (ਜ਼ਿੰਦਗੀ) ਵਾਸਤੇ ਆਏ ਹਾਂ ।

(ਜਨਮ ਸਾਖੀ ਭਾਈ ਮਨੀ ਸਿੰਘ)

ਗੁਰੂ ਬਾਣੀ ਵਿਚ ਗੁਰੂ ਨਾਨਕ ਜੀ ਨੇ ਕਿਹਾ ਹੈ ਕਿ :–

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰ ਨਾ ਜਾਪੈ ਚੰਦ ॥ ਜਿਹ ਗਿਆਨ ਪ੍ਰਗਾਸ ਅਗਿਆਨ ਮਿਟੰਤ ॥

ਅਰਥਾਤ–ਦੀਵੇ ਦੇ ਪ੍ਰਗਾਸ ਨਾਲ ਜਿਸ ਤਰ੍ਹਾਂ ਅੰਧੇਰਾ ਦੂਰ ਹੋ ਜਾਂਦਾ ਹੈ; ਏਸੇ ਤਰ੍ਹਾਂ ਵੇਦ ਦੇ ਪੜ੍ਹਨ ਪੜ੍ਹਾਨ ਨਾਲ ਅਕਲ ਦੇ ਪਾਪ ਦੂਰ ਹੋ ਜਾਂਦੇ ਹਨ । ਜਿਸ ਤਰ੍ਹਾਂ ਸੂਰਜ ਦੇ ਨਿਕਲਨ ਨਾਲ ਚੰਨ ਆਦਿਕ ਦਿਖਾਈ ਨਹੀਂ ਦੇਂਦੇ, ਏਸੇ ਤਰ੍ਹਾਂ ਵੇਦ ਗਿਆਨਦੇ ਪ੍ਰਕਾਸ਼ ਨਾਲ ਅਗਿਆਨ ਅੰਧਰਾ ਮਿਟ ਜਾਂਦਾਹੈ ।

ਗੁਰੂ ਅਮਰ ਦਾਸ ਜੀ ਨੇ ਕਿਹਾ ਹੈ :–

ਵੇਦਾਂ ਮਹਿ ਨਾਮ ਉਤਮੁ ਸੋ ਸੁਣਹਿ ਨਾਹੀਂ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕ ਜਿਨ ਸਚ ਤਜਿਆ ਕੂੜੇ ਲਾਗੇ ਤਿਨਜਨਮ ਜੂਐ ਹਾਰਿਆ ॥

ਅਰਥਾਤ–ਵੇਦਾਂ ਵਿਚ ਈਸ਼ਵਰ ਦੇ ਗੁਣ ਕਰਮ ਸੁਭਾਅ ਉਤੱਮ ਤਰੀਕੇ ਨਾਲ ਲਿਖੇ ਹਨ। ਇਸਨੂੰ ਤਾਂ ਲੋਕ ਸੁਣਦੇ ਨਹੀਂ, ਪਾਗਲਾਂ ਦੀ ਤਰਾਂ ਭਟਕ ਰਹੇ ਹਨ ਗੁਰੂ ਜੀ ਨੇ ਕਿਹਾ ਕਿ ਜਿਨਾਂ ਨੇ ਸਤ ਗਿਆਨ ਵੇਦ ਨੂੰ ਤਿਆਗ ਕੇ ਝੂਠ ਪਲੇ ਬੱਧਾ ਹੈ ਉਹਨਾਂ ਨੇ ਅਪਣਾ ਜਨਮ ਸਮਝੋ ਜੂਏ ਵਿਚ ਹਾਰ ਦਿਤਾ ਹੈ।

ਗੁਰੂ ਅਰਜਨ ਦੇਵ ਜੀ ਆਖਦੇ ਹਨ :–

ਬੇਦ ਬਖਿਆਨ ਕਰਤ ਸਾਧੂ ਜਨ ਭਾਗ ਹੀਨ ਸਮਝਤ ਨਹੀਂ ਖਲੁ ॥

ਅਰਥਾਤ–ਸਾਧੂ ਲੋਗ ਵੇਦਾਂ ਦਾ ਉਪਦੇਸ਼ ਸੁਨਦੇ ਹਨ ਪਰ ਭਾਗ ਹੀਨ ਮੂਰਖ ਲੋਗ ਸਮਝਦੇ ਹੀ ਨਹੀਂ।

ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਮੁਸਲਮਾਨ ਹਾਕਮਾਂ ਨੇ ਬੰਦੀ ਖਾਨੇ ਵਿਚ ਪੁਛਿਆ ਕਿ ਓਹ ਕਿਹੜਾ ਧਰਮ ਹੈ ਜਿਦਾ ਆਪ ਤਿਆਗ ਨਹੀਂ ਕਰਦੇ ਤਾਂ ਆਪ ਜੀ ਨੇ ਉਤਰ ਦਿਤਾ :–

ਆਗਿਆ ਜੋ ਕਰਤਾਰ ਦੀ ਵੇਦ ਚਾਰ ਉਚਾਰ।
ਧਰਮ ਤਾ ਕੋ ਖਾਸ ਲਖ, ਹਮ ਤਾਹਿ ਕਰਤ ਪ੍ਰਚਾਰ ॥
ਵੇਦ ਵਿਰੁਧ ਅਧਰਮ ਜੋ, ਹਮ ਨਾਹਿ ਕਰਤ ਪਸੰਦ
ਵੇਦੋਕਤ ਗੁਰੁ ਧਰਮ ਜੋ, ਤੀਨ ਲੋਕ ਮੇਂ ਚੰਦ ॥

ਅਰਥਾਤ–ਪ੍ਰਭੂ ਦੀ ਆਗਿਆ ਜੋ ਚਾਰ ਵੇਦਾਂ ਵਿਚ ਲਿਖੀ ਹੋਈ ਹੈ ਓਸਨੂੰ ਸੱਤ ਧਰਮ ਜਾਨ ਅਤੇ ਮੰਨਕੇ ਅਸੀਂ ਸਦਾ ਉਸਦਾ ਪ੍ਰਚਾਰ ਕਰਦੇ ਹਾਂ. ਜੋ ਬਾਤ ਵੇਦ ਵਿਰੁਧ ਹੈ ਉਸ ਨੂੰ ਅਸੀਂ ਪਸੰਦ ਨਹੀਂ ਕਰਦੇ। ਵੇਦ ਧਰਮ ਤੇ ਗੁਰੂਆਂਦੇ ਗੁਰੂ ਪਰਮਾਤਮਾ ਦਾ ਧਰਮ ਹੈ ਜਿਹੜਾ ਤਿੰਨਾਂ ਲੋਕਾਂ ਵਿਚ ਪ੍ਰਕਾਸ਼ ਮਾਨ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾਂ :–

ਧਰਮ ਵੇਦ ਮਰਯਾਦ ਜਗ ਮਹਿ ਚਲਾਊਂ।

ਗਊ ਘਾਤ ਕਾ ਦੋਸ਼ ਜਗ ਸੇ ਮਿਟਾਊਂ ॥

ਅਰਥਾਤ–ਮੇਰੀ ਪਰਮ ਇੱਛਾ ਹੈ ਕਿ ਮੈਂ ਵੇਦ ਧਰਮ ਮਰਯਾਦਾ ਨੂੰ ਜਗ ਵਿਚ ਚਲਾਵਾਂ ਅਤੇ ਗਊ ਹੱਤਿਆ ਦੇ ਪਾਪ ਨੂੰ ਸੰਸਾਰ ਤੋਂ ਮਿਟਾਵਾਂ।

ਪਾਠਕ ਗਣ ! ਇਹਨਾਂ ਪ੍ਰਮਾਣਾ ਤੋਂ ਸਾਫ ਸਿੱਧ ਹੈ ਕਿ ਦਸੋ ਗੁਰੂ ਵੇਦ ਨੂੰ ਈਸ਼ਵਰੀ ਗਿਆਨ ਮੰਨਦੇ ਸਨ।

ਇਸ ਵਾਸਤੇ ਪ੍ਰਮੁਖ ਸਿਖ ਵਿਦ੍ਵਾਨਾਂ ਅਗੇ ਸਾਡਾ ਚੌਥਾ ਪ੍ਰਸ਼ਨ ਇਹ ਹੈ ਕਿ ਆਪ ਵੇਦ ਧਰਮ ਨੂੰ ਨਾ ਮੰਨ ਕੇ ਵੇਦ ਵਿਰੁੱਧ ਸਿਧਾਂਤਾ ਦਾ ਪ੍ਰਚਾਰ ਕਿਉਂ ਕਰ ਰਹੇ ਹੋ ?

## ਪੰਜਵਾਂ ਪ੍ਰਸ਼ਨ

### ੫–ਭੇਸ਼ ਜਾਂ ਪੰਜ ਕਕਾਰ

ਪੰਜ ਕਕਾਰ ਅਰੁਥਾਤ, ਕੇਸ, ਕੱਛਾ, ਕੜਾ, ਕੰਘਾ ਅਤੇ ਕਿਰਪਾਣ ਦਾ ਧਾਰਣ ਕਰਣਾ ਆਦਮੀ ਵਾਸਤੇ ਜਰੂਰੀ ਹੈ ਕਿ ਨਹੀਂ ?

ਉਤਰ–ਇਹਨਾਂ ਕੇਸ ਆਦਕ ਦਾ ਮਾਨਵ ਧਰਮ ਨਾਲ ਕੋਈ ਸੰਬੰਧ ਨਹੀਂ ਹਰ ਆਦਮੀ ਅਪਣੀ ਰੁਚੀ ਅਨੁਸਾਰ ਜਾਂ ਦੇਸ਼ਕਾਲ ਅਨੁਸਾਰ ਇਹਨਾਂ ਨੂੰਧਾਰਣ ਕਰੇ ਜਾਂ ਨਾ ਕਰੇ ਇਸ ਵਿਚ ਕੋਈ ਰੁਕਾਵਟ ਜਾਂ ਪਾਪ ਪੁੰਨ ਨਹੀਂ। ਅਸੀਂ ਦੇਖਦੇ ਹਾਂ ਕਿ ਆਦਮੀ ਦੇ ਬਗੈਰ ਭੇਡ ਬਕਰੀਆਂ ਦੇ ਸਰੀਰ ਤੇ ਵੀ ਕੇਸ ਹਨ। ਜੇ ਇਹਨਾਂ ਦਾ ਧਾਰਣ ਕਰਣਾ ਧਰਮ ਮੰਨਿਆ ਜਾਵੇ ਤਾਂ ਸਿਖ ਭਾਈ ਇਹਨਾਂ ਦੇ ਕੇਸਾਂ ਨੂੰ ਕਿਉਂ ਕਟਦੇ ਅਤੇ ਕਟਵਾਂਦੇ ਹਨ ? ਇਹਨਾਂ ਦੇ ਵਾਲਾਂ ਦਿਆਂ ਚੀਜਾਂ ਅਤੇ ਕਪੜੇ ਆਦਕ ਕਿਉਂ ਵਰਤਦੇ ਹਨ ? ਜੇ ਆਦਮੀ ਦੇ ਨਾਲ ਹੀ ਇਹਨਾਂ ਦਾ ਅਟੁਟ ਸੰਬੰਧ ਹੈ ਤਾਂ ਸਨਾਨ ਕਰਨ ਅਤੇ ਕੰਘਾ

ਕਰਨ ਵਿਚ ਪਾਪ ਕਿਉਂ ਨਹੀਂ ਮੰਨਦੇ, ਜਦੋਂ ਕਿ ਇਸ ਤਰਾਂ ਕਰਨ ਨਾਲ ਵਾਲ ਬਹੁਤ ਟੁਟਦੇ ਹਨ ?

ਗੁਰਬਾਣੀ ਤੋਂ ਇਸ ਵਿਸ਼ੇ ਤੇ ਕੁਝ ਪ੍ਰਮਾਣ ਲਿਖਦੇ ਹਾਂ ਜਿਹੜੇ ਏਸ ਤੇ ਚੰਗਾਂ ਚਾਨਣਾਂ ਪਾਂਉਦੇ ਹਨ ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ :-

੧-ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗ ।। ੧

ਅਰਥਾਤ-ਜਦ ਤਕ ਆਦਮੀ ਵਿਚ ਈਸ਼ਵਰ ਭਗਤੀ ਨਹੀਂ, ਨੇਕੀ ਤੇ ਧਰਮ ਕਰਮ ਨਹੀਂ ਓਹਦੇ ਵਾਸਤੇ ਮੱਥੇ ਤੇ ਟਿਕਾ ਅਤੇ ਗਲ ਵਿਚ ਜੰਞੂ ਬੇਕਾਰ ਹੈ ।

੨-ਬਹੁ ਭੇਖ ਕੀਆ ਦੇਹੀ ਦੁਖ ਦੀਆ ।।
ਸਹੁਵੇ ਜੀਆ ਅਪਣੀ ਕੀਆ ।।

ਅਰਥਾਤ-ਮਨੁਖ ਨੇ ਬਹੁਤ ਭੇਸ਼ ਬਦਲ ਲਿਆ ਜਾਂ ਭੰਨ ਭੰਨ ਮਜਹਬੀ ਨਿਸ਼ਾਨ ਲਾ ਲਏ । ਇਸ ਤਰ੍ਹਾਂ ਕਰਕੇ ਉਸਨੇ ਆਪਣੇ ਸਰੀਰ ਤੇ ਭਾਰ ਪਾ ਕੇ ਦੁਖ ਹੀ ਉਠਾਇਆ । ਜੇ ਉਸਦਾ ਚਾਲ ਚਲਨ ਨੇਕ ਨਹੀਂ ਤਾਂ ਜੀਵ ਨੂੰ ਆਪਣੇ ਬੁਰੇ ਕਰਮਾਂ ਦਾ ਫਲ ਦੁਖ ਸਹਿਨਾ ਹੀ ਪਵੇਗਾ ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :-

੩-ਕਰਤੂਤਿ ਪਸ਼ੂ ਕਿ ਮਾਨਸ ਜਾਤਿ ।।
ਲੋਕ ਪਚਾਰਾ ਕਰੈ ਦਿਨ ਰਾਤਿ ।।

ਬਾਹਰਿ ਭੇਖ ਅੰਤਰਿ ਮਲ ਮਾਇਆ ।।
ਛਪਸਿ ਨਾਹੀਂ ਕਛੂ ਕਰੈ ਛਪਾਇਆ ।।

ਅਰਥਾਤ–ਜੋ ਮਨੁਖ ਹੋ ਕੇ ਕੱਮ ਪਸ਼ੂਆਂ ਤੋਂ ਵੀ ਨੀਚ ਕਰਦਾ ਹੈ ਲੋਕਾਂ ਨੂੰ ਦਿਖਾਵਾ ਤੇ ਧੋਖਾ ਦੇਂਦਾ ਹੈ ਪਰ ਮਨ ਵਿਚ ਤਾਂ ਮੈਲ ਭਰੀ ਹੋਈ ਹੈ। ਪਰਮਾਤਮਾ ਤੋਂ ਓਹ ਕੁਝ ਛੁਪਾ ਨਹੀਂ ਸਕਦਾ। ਇਸਨੂੰ ਆਪਣੇ ਕਰਮਾਂ ਦਾ ਫਲ ਭੁਗਤਨਾ ਹੀ ਪਵੇਗਾ।

੪–ਭੇਖੁ ਅਨੇਕ ਅਗਨਿ ਨਹੀਂ ਬੁਝੈ ॥
ਕੋਟ ਉਪਾਵ ਦਰਗਹ ਨਹੀਂ ਸਿਝੈ ॥ (ਮ੦ ੫)

ਅਰਥਾਤ–ਭੇਸ਼ ਚਾਹੇ ਅਨੇਕ ਬਦਲ ਲੌ ਏਸ ਤੋਂ ਪਾਪਦੀ ਅੱਗ ਨਹੀਂ ਬੁਝਦੀ। ਲਖਾਂ ਉਪਾਏ ਕਰੋ ਈਸ਼ਵਰ ਦੇ ਨਿਆਂ ਨਿਯਮ ਤੋਂ ਬਚ ਨਹੀਂ ਸਕਦਾ।

੫–ਤੀਰਥ ਕੋਟ ਕਿਏ ਅਸਨਾਨ, ਦਿਏ ਬਹੁ ਦਾਨ ਮਹਾ ਬ੍ਰਤ ਧਾਰੇ ॥
ਦੇਸ਼ ਫਿਰਓ ਕਰ ਵੇਸ ਤਪੋ ਧਨ, ਕੇਸ ਧਰੇ ਨ ਮਿਲੈ ਹਰਿ ਪਿਆਰੇ ॥

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਚਾਹੇ ਕੋਈ ਅਨੇਕ ਤੀਰਥਾਂ ਦਾ ਅਸਨਾਨ ਕਰ ਲੈ, ਦਿਖਲਾਵੇ ਦਾ ਦਾਨ ਕਰਦਾ ਫਿਰੇ; ਵਡੇ ਵਡੇ ਵਰਤ ਰਖੇ; ਦੇਸ਼ ਦੇਸ਼ਾਂਤਰਾਂ ਵਿਚ ਫਿਰੇ, ਤਪਸਵੀਆਂ ਦਾ ਰੂਪ ਬਨਾ ਲੈ, ਸਿਰ ਤੇ ਕੇਸ ਰਖ ਲੈ ਜਾਂ ਵਾਲ ਵਧਾ ਲੇ; ਇਹਨਾਂ ਬਾਹਰ ਦੀਆਂ ਗਲਾਂ ਨਾਲ ਪਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ।

੬–ਵਾਲ ਵਧਾਇਐ ਪਾਈਐ, ਬੜ ਜਹਾਂ ਪਲਾਸੀ।
(ਵਾਰਾਂ ਭਾਈ ਗੁਰਦਾਸ ਜੀ)

ਅਰਥਾਤ–ਵਾਲ ਵਧਾਨ ਕਰਕੇ ਜੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਤਾਂ ਬੋੜ੍ਹ ਤੇ ਪਲਾਸ਼ ਦੇ ਰੁਖਾਂ ਨੂੰ ਤੇ ਸਭ ਤੋਂ ਪਹਿਲਾਂ ਦਰਸ਼ਨ ਹੋਣਗੇ ਕਿਉਂਕਿ ਇਹਨਾਂ ਦੀਆਂ ਜਟਾਂ ਤਾਂ ਬਹੁਤ ਲੱਮੀਆਂ ਹਨ।

# ਅੰਤ ਵਿਚ

ਅੰਤ ਵਿਚ ਸਾਡੀ ਪ੍ਰਮੁਖ ਸਿਖ ਵਿਦ੍ਵਾਨਾਂ ਅਗੇ ਪ੍ਰਾਰਥਨਾ ਹੈ ਕਿ ਜਦ ਗੁਰੂ ਤੇ ਗੁਰਬਾਣੀ ਵੇਦਾਂਨੂੰ ਈਸ਼ਵਰੀ ਗਿਆਨ, ਇਕ ਈਸ਼ਵਰ ਭਗਤੀ, ਭਗਵਾਨ ਰਾਮ ਤੇ ਕ੍ਰਿਸ਼ਨ ਦੀ ਸੰਤਾਨ ਹੋਨਾ, ਗਊ ਬ੍ਰਾਹਮਣ ਦਾ ਆਦਰ ਕਰਨਾ; ਮੰਨ ਰਹੇ ਹਨ ਅਤੇ ਆਪਣੇ ਸਿਖਾਂ ਨੂੰ ਉਪਦੇਸ਼ ਦੇ ਰਹੇ ਹਨ ਤਾਂ ਆਪ ਇਹਨਾਂ ਨੂੰ ਪ੍ਰਮਾਣ ਕਿਉਂ ਨਹੀਂ ਮੰਨਦੇ ? ਅਤੇ ਇਸਦੇ ਉਲਟ ਗ੍ਰੰਥ ਨੂੰ ਗੁਰੂ, ਮਿੱਠੇ ਜਲ ਨੂੰ ਅੰਮ੍ਰਿਤ, ਪੰਜ ਕਕਾਰਾਂ ਦਾ ਧਾਰਣ ਕਰਨਾ ਧਰਮ; ਕੜਾਹ ਪ੍ਰਸ਼ਾਦਿ ਨੂੰ ਕ੍ਰਿਪਾਣ ਭੇਟ ਕਰਨਾ; ਅਨੇਕਾ ਦੇ ਨਾਂ ਦੀ ਅਰਦਾਸ, ਗ੍ਰੰਥ ਨੂੰ ਚੰਵਰ ਝੁਲਾਨਾ, ਸਵਾਰਾ ਸਾਹਿਬ ਦੇ ਅਗੇ ਜਲ ਛਿੜਕਨਾ, ਗੁਰਬਾਣੀ ਵਿਚ ਕਿਥੇ ਲਿਖਿਆ ਹੈ ?

ਆਸ਼ਾ ਹੈ ਕਿ ਇਹਨਾਂ ਪ੍ਰਸ਼ਨਾਂ ਦਾ ਉੱਤਰ ਹਠ ਧਰਮੀ ਨੂੰ ਛਡ ਕੇ ਸੁਧਾਰ ਦੇ ਹਿਤ ਨਾਲ ਬੜੇ ਪਿਆਰ ਨਾਲ ਦਿਤਾ ਜਾਵੇਗਾ ।

+ ( ਸਮਾਪਤ ) +


## ਸਾਡੀਆਂ ਹੋਰ ਪੰਜਾਬੀ ਪੁਸਤਕਾਂ

| | | |
|---|---|---|
| 1–ਵੈਦਿਕ ਸੰਧਿਆ | ... ... ... ... | 0–12 |
| 2–ਦਹੇਜ਼ ਪ੍ਰਥਾ | ... ... ... ... | 0–10 |
| 3–ਗੁਰੂ ਮਤ ਸਾਰ | ... ... ... ... | 0–10 |
| 4–ਭੂਤ ਪ੍ਰੇਤ | ... ... ... ... | 0–20 |
| 5–ਪ੍ਰਮੁਖ ਸਿੱਖ ਵਿਦ੍ਵਾਨਾਂ ਅਗੇ ਪੰਜਪ੍ਰਸ਼ਨ ਹਿੰਦੀ ਵਿਚ | | 0–15 |

ਹਿੰਦੀ ਧਾਰਮਿਕ ਪੁਸਤਕਾਂ ਦੀ ਸੂਚੀ ਮੁਫ਼ਤ ਮੰਗਵਾਓ । ਮਿਲਨ ਦਾ ਪਤਾ :

**ਸਵਾਮੀ ਆਤਮਾਨੰਦ ਪ੍ਰਕਾਸ਼ਨ ਮੰਦਿਰ**

ਵੈਦਿਕ ਸਾਧਨ-ਆਸ਼੍ਰਮ ਯਮੁਨਾਨੇਗਰ (ਅੰਬਾਲਾ)

ਓਮ **ਆਰਯਾ ਸਮਾਜ ਦੇ ਨਿਯਮ** ਓਮ

1– ਸਭ ਸਤ ਵਿਦਿਆ ਅਤੇ ਜੋ ਪਦਾਰਥ੍ਰ ਵਿਦਿਆ ਤੋਂ ਜਾਨੇ ਜਾਂਦੇ ਹਨ, ਉਨ੍ਹਾਂ ਸਭਨਾਂ ਦਾ ਆਦੀ ਮੂਲ ਪਰਮੇਸ਼ਵਰ ਹੈ।

2– ਈਸ਼ਵਰ ਸੱਚਿਦਾਨੰਦ ਸਰੂਪ, ਨਿਰਾਕਾਰ, ਸਰਵ ਸ਼ਕਤੀਮਾਨ, ਨਿਆਇਕਾਰੀ, ਦਯਾਲੂ, ਅਜਨਮਾ, ਅਨੰਤ, ਨਿਰਵਿਕਾਰ, ਅਨਾਦੀ, ਅਨੂਪਮ, ਸਰਵ ਆਧਾਰ ਸਰਵੇਸ਼ਵਰ ਸਰਵ ਵਿਆਪਕ, ਸਰਵ ਅੰਤਰਯਾਮੀ, ਅਜਰ, ਅਮਰ, ਅਭੈ, ਨਿੱਤ ਪਵਿਤ੍ਰ ਅਤੇ ਸ੍ਰਿਸ਼ਟੀ ਦਾ ਕਰਤਾ ਹੈ, ਓਸੇ ਦੀ ਹੀ ਉਪਾਸਨਾ ਕਰਨੀ ਯੋਗ ਹੈ।

3– ਵੇਦ ਸਭ ਸੱਤ ਵਿਦਿਆਵਾਂ ਦਾ ਪੁਸਤਕ ਹੈ, ਵੇਦ ਦਾ ਪੜ੍ਹਨਾ, ਪੜ੍ਹਾਨਾ ਅਤੇ ਸੁਨਣਾ, ਸੁਨਾਣਾ ਸਭ ਆਰਯਾਂ ਦਾ ਪਰਮ ਧਰਮ ਹੈ।

4– ਸਚ ਨੂੰ ਗ੍ਰਹਿਣ ਕਰਨ ਅਤੇ ਝੂਠ ਦੇ ਤਿਆਗਨ ਵਿਚ ਸਦਾ ਤਿਆਰ ਰਹਿਣਾ ਚਾਹੀਦਾ ਹੈ।

5– ਸਭ ਕੰਮ ਧਰਮਾਨੁਸਾਰ ਅਰਥਾਤ ਸੱਚ ਅਤੇ ਝੂਠ ਨੂੰ ਵਿਚਾਰ ਕੇ ਕਰਨੇ ਚਾਹੀਦੇ ਹਨ।

6– ਸੰਸਾਰ ਦਾ ਉਪਕਾਰ ਕਰਨਾ ਏਸ ਸਮਾਜ ਦਾ ਮੁਖ ਉਦੇਸ਼ ਹੈ ਅਰਥਾਤ ਸਰੀਰ ਆਤਮਾ ਅਤੇ ਸਮਾਜ ਸੰਬੰਧੀ ਉੱਨਤੀ ਕਰਨਾ।

7– ਸਭ ਨਾਲ ਪ੍ਰੇਮ ਪੂਰਵਕ, ਧਰਮ ਦੇ ਅਨੁਸਾਰ ਯਥਾਯੋਗ ਵਰਤਣਾ ਚਾਹੀਦਾ ਹੈ।

8– ਅਵਿਦਿਆ ਦਾ ਨਾਸ਼ ਅਤੇ ਵਿਦਿਆ ਦੀ ਬ੍ਰਿਧੀ ਕਰਨੀ ਚਾਹੀਦੀ ਹੈ।

9– ਹਰ ਇਕ ਮਨੁਖ ਨੂੰ ਅਪਨੀ ਹੀ ਉੱਨਤੀ ਵਿਚ ਸੰਤੋਸ਼ ਨਹੀਂ ਕਰ ਲੈਨਾ ਚਾਹੀਦਾ ਬਲਕਿ ਸਾਰਿਆਂ ਦੀ ਉੱਨਤੀ ਵਿਚ ਅਪਨੀ ਉੱਨਤੀ ਸਮਝਨੀ ਚਾਹੀਦੀ ਹੈ।

10–ਸਭ ਮਨੁਖਾਂ ਨੂੰ ਸਮਾਜ ਸੰਬੰਧੀ ਸਰਵ ਹਿਤਕਾਰੀ ਨਿਯਮ ਪਾਲਨ ਵਿਚ ਪਰਤੰਤ੍ਰ ਰਹਿਣਾ ਚਾਹੀਦਾ ਹੈ ਅਤੇ ਨਿਜ ਸੰਬੰਧੀ ਨਿਯਮ ਪਾਲਨ ਵਿਚ ਸਭ ਸਤੰਤ੍ਰ ਰਹਿਣਾ [illegible]

पुस्तकालय
प्रपरिग्रहण क्रमांक 5112